ਪੰਜਾਬ ਸਰਕਾਰ
ਸਹਾਇਤਾ ਤੇ ਮੁੜ ਸਥਾਪਨ ਵਿਭਾਗ
(ਆਰ.ਆਰ.ਸ਼ਾਖਾ)

ਸੇਵਾ ਵਿਖੇ

ਸਮੂਹ ਡਿਪਟੀ ਕਮਿਸ਼ਨਰਜ,
ਪੰਜਾਬ।

ਮੀਮੋ ਨੰ: 5/1/2002-ਰਰ4/ 11278
ਚੰਡੀਗੜ੍ਹ ਮਿਤੀ 1/8/02

ਵਿਸ਼ਾ:- ਅੱਤਵਾਦ/ਦੰਗਾ ਪੀੜਤ ਪਰਿਵਾਰਾਂ ਦੇ ਆਸ਼ਰਿਤ ਮੈਂਬਰਾਂ ਨੂੰ ਪਹਿਲ ਦੇ ਅਧਾਰ ਤੇ ਨੌਕਰੀ ਦੇਣ ਦੇ ਕੇਸਾਂ ਦਾ ਨਿਪਟਾਰਾ ਕਰਨ ਬਾਰੇ-ਅਨਪੜ੍ਹ ਵਿਅਕਤੀਆਂ ਨੂੰ ਸਵੈ-ਰੋਜਗਾਰ ਵੱਲ ਪਰੇਰਨਾ ਬਾਰੇ।

****

ਜਿਵੇਂ ਕਿ ਆਪ ਨੂੰ ਪਤਾ ਹੈ ਕਿ ਸਰਕਾਰ ਵਲੋਂ ਅੱਤਵਾਦ/ਦੰਗਾ ਪੀੜਤ ਪਰਿਵਾਰਾਂ ਦੇ ਨੌਕਰੀ ਦੇ ਪੈਂਡਿੰਗ ਕੇਸਾਂ ਦਾ ਨਿਪਟਾਰਾ ਕਰਨ ਦੇ ਕੰਮ ਦੀ ਮਹੱਤਤਾ ਨੂੰ ਵੇਖਦੇ ਹੋਏ ਮੁੱਖ ਸਕੱਤਰ, ਪੰਜਾਬ ਸਰਕਾਰ ਵਲੋਂ ਪੱਤਰ ਨੰ:5/119/2001/ਰਰ4/8911 ਮਿਤੀ 18-6-2002 ਰਾਹੀਂ ਇਹ ਸਪੱਸ਼ਟ ਕੀਤਾ ਗਿਆ ਹੈ ਕਿ ਸਬੰਧਤ ਵਿਅਕਤੀਆਂ ਨੂੰ ਸਰਕਾਰ ਦੀਆਂ ਹਦਾਇਤਾਂ ਅਨੁਸਾਰ ਪਹਿਲ ਦੇ ਅਧਾਰ ਤੇ ਗਰੁੱਪ ਸੀ/ਡੀ ਦੀਆਂ ਖਾਲੀ ਆਸਾਮੀਆਂ(ਭਾਵੇਂ ਇਨ੍ਹਾਂ ਆਸਾਮੀਆਂ ਦੀ ਨਿਰੰਤਰਤਾ ਲਈ ਵਿੱਤ ਵਿਭਾਗ ਵਲੋਂ ਅਜੇ ਮੰਨਜੂਰੀ ਲੈਣੀ ਹੋਵੇ) ਤੇ ਤੁਰੰਤ ਨਿਯੁਕਤੀ ਦਿੱਤੀ ਜਾਵੇ ਅਤੇ ਇਸ ਕੰਮ ਦੀ ਪ੍ਰਗਤੀ ਆਏ ਹਫਤੇ ਸਬੰਧਤ ਪ੍ਰਬੰਧਕੀ ਸਕੱਤਰਾਂ ਵਲੋਂ ਰੀਵੀਊ ਕੀਤੀ ਜਾਵੇ।

2. ਕੈਬਨਿਟ ਸਬ ਕਮੇਟੀ ਦੀ 11-7-2002 ਨੂੰ ਹੋਈ ਮੀਟਿੰਗ ਵਿਚ ਇਸ ਮਾਮਲੇ ਦੀ ਪ੍ਰਗਤੀ ਵਿਚਾਰਨ ਉਪਰੰਤ ਇਹ ਵੀ ਫੈਸਲਾ ਕੀਤਾ ਗਿਆ ਹੈ ਕਿ ਅਨਪੜ੍ਹ ਵਿਅਕਤੀਆਂ ਨੂੰ ਸਰਕਾਰ ਦੀਆਂ ਵੱਖ-ਵੱਖ ਸਕੀਮਾਂ ਅਧੀਨ ਕਰਜੇ ਆਦਿ ਮੁਹੱਈਆ ਕਰਵਾ ਕੇ ਸਵੈ-ਰੋਜਗਾਰ ਵੱਲ ਪਰੇਰਿਆ ਜਾਵੇ। ਇਸ ਸਬੰਧੀ ਯੋਗ ਕਾਰਵਾਈ ਕਰਨ ਦੀ ਖੇਚਲ ਕੀਤੀ ਜਾਵੇ।

1/8/2002

ਡਾਇਰੈਕਟਰ-ਕਮ-ਵਧੀਕ ਸਕੱਤਰ, ਪੰਜਾਬ ਸਰਕਾਰ
ਸਹਾਇਤਾ ਤੇ ਮੁੜ ਸਥਾਪਨ ਵਿਭਾਗ।

....